Series OSS

Code No. 4

Candidates must write the Code on the title page of the answer-book.

Roll No. | | | | | | | |

- Please check that this question paper contains **6** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minutes time has been allotted to read this question paper. The question paper will be distributed at 10.15 a.m. From 10.15 a.m. to 10.30 a.m., the student will read the question paper only and will not write any answer on the answer script during this period.

PUNJABI

ਪੰਜਾਬੀ

Time allowed : 3 hours *Maximum Marks : 100*

ਸਮਾਂ ਸੀਮਾਂ : 3 ਘੰਟੇ *ਪੂਰਨ ਅੰਕ : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਅੰਤ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ : *10*

ਸਾਡੇ ਆਲੇ-ਦੁਆਲੇ, ਘਰਾਂ ਵਿੱਚ, ਪਿੰਡਾਂ ਵਿੱਚ, ਸ਼ਹਿਰਾਂ ਵਿਚ ਅਤੇ ਸਾਰੇ ਦੇਸ਼ ਵਿੱਚ ਅਣਗਿਣਤ ਲੋਕ ਹਨ ਜਿਹੜੇ ਦਿਸਦੇ ਨਾਲੋਂ ਅਣਦਿਸਦੇ ਵਿੱਚ ਬਹੁਤਾ ਵਿਸ਼ਵਾਸ ਰਖਦੇ ਹਨ । ਆਲੇ-ਦੁਆਲੇ ਵਾਪਰਦੀਆਂ ਕੁਦਰਤੀ ਘਟਨਾਵਾਂ ਜਦੋਂ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੀਆ ਤਾਂ ਉਹ ਉਨ੍ਹਾਂ ਨੂੰ ਰੱਬੀ ਕਰਾਮਾਤਾਂ ਜਾਂ ਚਮਤਕਾਰ ਸਮਝ ਬੈਠਦੇ ਹਨ । ਸਮਝੋਂ ਪਰੇ ਦੀਆਂ ਘਟਨਾਵਾਂ ਜਾਂ ਕੁਦਰਤੀ ਵਰਤਾਰਿਆਂ ਨੂੰ ਵਿਗਿਆਨਕ ਢੰਗ ਨਾਲ ਪਰਖਣ ਦੀ ਨਾ ਆਮ ਲੋਕਾਂ ਨੂੰ ਸਮਝ ਹੈ ਅਤੇ ਨਾ ਹੀ ਸਮਰੱਥਾ ਅਤੇ ਨਾ ਹੀ

www.examrace.com

ਏਨੇ ਵਿਗਿਆਨੀ ਹਨ ਜਿਹੜੇ ਸਮਝਾਉਣ ਲਈ ਤੱਤਪਰ ਹੋਣ । ਏਸੇ ਕਰਕੇ ਬਹੁਤੇ ਅਨਪੜ੍ਹ ਅਤੇ ਅਧਪੜ੍ਹ ਲੋਕ ਵਹਿਮਾਂ ਭਰਮਾਂ ਵਿੱਚ ਫਸ ਕੇ ਮੜ੍ਹੀਆ-ਮੂਰਤੀਆਂ ਅੱਗੇ ਮੱਥੇ ਰਗੜਦੇ ਫਿਰਦੇ ਹਨ ।

(ੳ) ਇਸ ਪੈਰੇ ਨੂੰ ਸਿਰਲੇਖ ਦਿਓ ।

(ਅ) 'ਦਿਸਦੇ' ਅਤੇ 'ਅਣਦਿਸਦੇ' ਦਾ ਕੀ ਅਰਥ ਹੈ ?

(ਇ) ਲੋਕ ਵਹਿਮਾਂ-ਭਰਮਾਂ ਵਿਚ ਕਿਉਂ ਫਸਦੇ ਹਨ ?

(ਸ) ਰੱਬੀ ਕਰਾਮਾਤਾਂ ਅਤੇ ਚਮਤਕਾਰਾਂ ਤੋਂ ਕੀ ਭਾਵ ਹੈ ?

2. ਹੇਠ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਉੱਪਰ 200 ਸ਼ਬਦਾਂ ਵਿਚ ਲੇਖ ਲਿਖੋ : *10*

(ੳ) ਭਾਰਤ-ਪਾਕ ਸੰਬੰਧ

(ਅ) ਜੇ ਤੁਸੀਂ ਪ੍ਰਧਾਨ ਮੰਤਰੀ ਹੋਵੋ

(ਇ) ਦੇਸ਼ ਪਿਆਰ

(ਸ) ਮਾਨਸੂਨ ਦੇ ਪੱਛੜ ਕੇ ਆਉਣ ਦੇ ਨੁਕਸਾਨ

3. ਵਿਦਿਅਕ ਪ੍ਰਣਾਲੀ ਵਿਚ ਲਿਆਂਦੇ ਜਾ ਰਹੇ ਸੁਧਾਰਾਂ ਬਾਰੇ ਆਪਣੀ ਰਾਏ 120 ਸ਼ਬਦਾਂ ਵਿੱਚ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਦੇ ਰੂਪ ਵਿੱਚ ਲਿਖੋ । *8*

4. ਬਹੁਤ ਠੰਢ ਵਿੱਚ ਬਿਤਾਏ ਆਪਣੇ ਅਨੁਭਵ ਨੂੰ 125 ਸ਼ਬਦਾਂ ਵਿਚ ਬਿਆਨ ਕਰੋ । *7*

5. ਹੇਠ ਦਿੱਤੇ ਮੁਹਾਵਰਿਆਂ ਵਿਚੋਂ ***ਤਿੰਨਾਂ*** ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *3*

(ੳ) ਅੱਖ ਮਾਰਨਾ

(ਅ) ਈਦ ਦਾ ਚੰਨ ਹੋਣਾ

(ਇ) ਖੁੰਬ ਠਪੱਣੀ

(ਸ) ਧਾਰ ਮਾਰਨੀ

(ਹ) ਦਮ ਲੈਣਾ

www.examrace.com

6. ਹੇਠ ਦਿੱਤੇ ਅਖਾਣਾਂ ਵਿੱਚੋਂ **ਦੋ** ਦੇ ਅਰਥ ਸਪਸ਼ਟ ਕਰੋ : 2

(ੳ) ਅੰਨਾ ਕੁੱਤਾ ਵਾ ਨੂੰ ਭੌਂਕੇ

(ਅ) ਚਿੰਤਾ ਚਿਖਾ ਬਰਾਬਰੀ

(ਇ) ਲਿਖੇ ਮੂਸਾ ਪੜ੍ਹੇ ਖੁਦਾ

7. ਹੇਠ ਦਿੱਤੇ ਵਾਰਤਕ-ਅੰਸ਼ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 3

ਖੁਸ਼ੀ ਵਿਚ ਨੱਚ ਉਠਣਾ ਮਨੁਖ ਦਾ ਆਦਿਕਾਲ ਤੋਂ ਸੁਭਾਅ ਰਿਹਾ ਹੈ ਪਰ ਨਾਚ ਦੀ ਚਾਲ ਹਰ ਆਦਮੀ ਦੀ ਦਿਮਾਗ਼ੀ ਪੱਧਰ ਅਨੁਸਾਰ ਹੁੰਦੀ ਹੈ

8. ਹੇਠ ਦਿੱਤੇ ਵਾਕਾਂ ਦੀ ਵਾਕ-ਵੰਡ ਕਰੋ : 4

(ੳ) ਉਹ ਆਦਮੀ, ਜਿਸਨੇ ਚੋਰੀ ਕੀਤੀ ਸੀ, ਪਕੜਿਆ ਗਿਆ ਹੈ ।

(ਅ) ਹਰਚਰਨ ਉਸਦੇ ਘਰ ਗਿਆ ਅਤੇ ਉਸਨੇ ਉਥੇ ਰੋਟੀ ਖਾਧੀ ।

9. ਹੇਠ ਦਿੱਤੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : 3

(ੳ) ਘਰ ਦਾ ਹੁੰਦਾ ਹੈ ਰਾਖਾ ਪਾਲਤੂ ਕੁੱਤਾ

(ਅ) ਆਪ ਨੇ ਸਹਾਇਤਾ ਕੀਤੀ ਔਖੇ ਵੇਲੇ ਮੇਰੀ

(ਇ) ਅੰਬਾਲੇ ਜਾਓ ਕਿਰਪਾ ਕਰਕੇ ਤੁਸੀਂ

10. ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿੱਚੋ ਕਿਸੇ ***ਇੱਕ*** ਦੇ ਅੰਤ ਵਿੱਚ ਪੁੱਛੇ ਪ੍ਰਸ਼ਨਾਂ ਦੇ ਉੱਤਰ ਲਿਖੋ : 8

(i) ਦੇਖ ਸਾਗਰ ਅਸਗਾਹ ਇਲਮ ਹੋਸ਼ ਭੁੱਲਿਆ,
ਦੂਰ ਦੂਰ ਤਦੇ ਜੱਗ ਨੂੰ ਖਲ੍ਹਾਰਦਾ ਰਿਹਾ ।
ਉਹ ਹੈ ਮੌਤ, ਨਹੀ ਜ਼ਿੰਦਗੀ ਦੇ ਨਾਚ ਦਾ ਨਸ਼ਾ,
ਜਿਹੜਾ ਅਜ਼ਲ ਦੇ ਸਰੂਰ ਨੂੰ ਉਤਾਰਦਾ ਰਿਹਾ ।

(ੳ) ਇਸ ਕਵਿਤਾ ਦੇ ਕਵੀ ਅਤੇ ਕਵਿਤਾ ਦਾ ਨਾਮ ਲਿਖੋ ।

(ਅ) ਏਥੇ ਕਿਸ ਪ੍ਰਕਾਰ ਦਾ ਜੀਵਨ-ਦਰਸ਼ਨ ਪੇਸ਼ ਹੋਇਆ ਹੈ ?

(ਇ) 'ਦੇਖ ਸਾਗਰ ਅਸਗਾਹ ਇਲਮ ਹੋਸ਼ ਭੁੱਲਿਆ' ਤੋਂ ਕੀ ਭਾਵ ਹੈ ?

(ਸ) 'ਅਜ਼ਲ' ਤੇ 'ਸਰੂਰ' ਦੇ ਅਰਥ ਸੱਪਸ਼ਟ ਕਰੋ ।

www.examrace.com

(ii) ਹਰ ਘਰ ਦੀ

ਕੰਜਕ ਦੀ ਆਵੇ

ਜਦ ਵੀ ਅਗਨ-ਵਰੇਸ

ਹਰ ਬਾਬਲ ਦੀ ਨੀਂਦ ਗਵਾਚੇ

ਬਲਦਾ ਵਿਹੜਾ ਵੇਖ

(ੳ) ਇਸ ਕਵਿਤਾ ਦੇ ਕਵੀ ਅਤੇ ਕਵਿਤਾ ਦਾ ਨਾਮ ਲਿਖੋ ।

(ਅ) 'ਕੰਜਕ' ਅਤੇ 'ਅਗਨ-ਵਰੇਸ' ਦੇ ਕੀ ਅਰਥ ਹਨ ?

(ਇ) 'ਹਰ ਬਾਬਲ ਦੀ ਨੀਂਦ ਗਵਾਚੇ ਬਲਦਾ ਵਿਹੜਾ ਵੇਖ' ਤੋ ਕੀ ਭਾਵ ਹੈ ?

(ਸ) ਇਸ ਕਵਿਤਾ ਵਿਚ ਕਿਸ ਸਭਿਆਚਾਰਕ ਸਮੱਸਿਆ ਦੀ ਗੱਲ ਕੀਤੀ ਗਈ ਹੈ ?

11. ਭਾਈ ਵੀਰ ਸਿੰਘ ਦੀ ਕਵਿਤਾ 'ਕੇਲੋਂ ਦੇ ਗਲ ਲੱਗੀ ਵੇਲ' ਦਾ ਭਾਵ ਆਪਣੇ ਸ਼ਬਦਾਂ ਵਿਚ ਪੇਸ਼ ਕਰੋ । *7*

ਜਾਂ

ਹਰਿਭਜਨ ਸਿੰਘ ਦੀ ਕਵਿਤਾ 'ਧੀ' ਵਿਚ ਕਿਸ ਧੀ ਦਾ ਚਿਤਰ ਪੇਸ਼ ਹੋਇਆ ਹੈ ?

12. ਹੇਠ ਲਿਖੇ ਵਾਰਤਾਲਾਪ ਦੇ ਅੰਸ਼ਾ ਵਿੱਚੋਂ ਕਿਸੇ ***ਇੱਕ*** ਦੇ ਅੰਤ ਵਿੱਚ ਪੁੱਛੇ ਪ੍ਰਸ਼ਨਾਂ ਦੇ ਉੱਤਰ ਲਿਖੋ : *8*

(i) "…. ਹਠੀ ਨਾ ਆਖੋ ਮੱਮੀ ਮਜਬੂਤ ਇਰਾਦੇ ਦੀ ਆਖੋ । ਸੁਤੰਤਰ ਸੋਚਾਂ ਤੇ ਅਮਲਾਂ ਵਾਲੀ ਲੜਕੀ ਆਖੋ । ਨਵੀਂ ਨਾਰੀ ਦੀ ਜਾਗ ਦਾ ਰੂਪ ਆਖੋ…. ।"

(ੳ) ਇਹ ਵਾਰਤਾਲਾਪ-ਅੰਸ਼ ਕਿਸ ਲੇਖਕ ਦੀ ਕਿਸ ਰਚਨਾ ਵਿੱਚੋਂ ਲਿਆ ਗਿਆ ਹੈ ?

(ਅ) ਇਹ ਬੋਲ ਕਿਸ ਪਾਤਰ ਵਲੋ ਕਿਸ ਨੂੰ ਸੁਣਾਏ ਗਏ ਹਨ ?

(ਇ) 'ਹਠੀ' ਅਤੇ 'ਮਜਬੂਤ ਇਰਾਦੇ' ਵਾਲੀ ਹੋਣ ਵਿਚ ਕੀ ਅੰਤਰ ਹੈ ?

(ਸ) 'ਨਵੀਂ ਨਾਰੀ ਦੀ ਜਾਗ ਦਾ ਰੂਪ' ਦੇ ਕੀ ਅਰਥ ਹਨ ?

www.examrace.com

(ii) "…. ਅਦਾਲਤ ਸੁਣੀ ਸੁਣਾਈ ਗਲ ਤੇ ਯਕੀਨ ਨਹੀ ਕਰਦੀ ।
ਖੁਲਾਸੇ ਸੁਭਾ ਵਾਲੀਆਂ ਪੜ੍ਹੀਆਂ ਔਰਤਾਂ ਤੇ ਇਹ ਦੋਸ਼ ਆਮ
ਥੱਪਿਆ ਜਾਂਦਾ ਹੈ, ਪੁਰਾਤਨ ਖਿਆਲੀਆਂ ਵੱਲੋਂ ।"

(ੳ) ਇਹ ਵਾਰਤਾਲਾਪ-ਅੰਸ਼ ਕਿਸ ਲੇਖਕ ਦੀ ਕਿਸ ਪੁਸਤਕ ਵਿੱਚੋਂ ਹੈ ?

(ਅ) ਇਹ ਬੋਲ ਕਿਸ ਪਾਤਰ ਵਲੋਂ ਕਿਸ ਨੂੰ ਸੁਣਾਏ ਜਾ ਰਹੇ ਹਨ ?

(ਇ) 'ਖੁਲਾਸੇ ਸੁਭਾਵਾਲੀਆਂ' ਔਰਤਾਂ ਕਿਹੜੀਆਂ ਹੁੰਦੀਆਂ ਹਨ ?

(ਸ) ਸਮੁੱਚੀ ਰਚਨਾ ਦੇ ਪ੍ਰਸੰਗ ਵਿਚ 'ਪੁਰਾਤਨ ਖਿਆਲੀਏ' ਕਿਨ੍ਹਾਂ ਨੂੰ ਕਿਹਾ ਗਿਆ ਹੈ ?

13. 'ਸ਼ੋਭਾ ਸ਼ਕਤੀ' ਨਾਟਕ ਵਿਚ ਕਿਸ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ ? *7*

ਜਾਂ

'ਸ਼ੋਭਾ ਸ਼ਕਤੀ' ਨਾਟਕ ਦੇ ਪ੍ਰਮੁੱਖ ਪੁਰਸ਼ ਪਾਤਰ ਦੀ ਪਾਤਰ ਉਸਾਰੀ ਕਰੋ ।

14. ਹੇਠ ਦਿੱਤੇ ਕਥਾ-ਅੰਸ਼ਾਂ ਵਿੱਚੋਂ ਕਿਸੇ ***ਇੱਕ*** ਦੇ ਅੰਤ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : *2+3=5*

(i) "ਇਕ ਦਿਨ ਮੇਰਾ ਬੂਹਾ ਖੜਕਿਆ । ਦੁਪਹਿਰ ਦਾ ਵੇਲਾ ਸੀ । ਮੈਂ ਬੂਹਾ ਖੋਲ੍ਹਿਆ । ਮੈਲੀ ਜਿਹੀ ਟੋਪੀ ਵਾਲਾ ਤੇ ਮੈਲੇ-ਮੈਲੇ ਕਪੜਿਆ ਵਾਲਾ ਕੋਈ ਨਿੱਕਾ ਜਿਹਾ ਮੁੰਡਾ ਖਲੋਤਾ ਸੀ ਤੇ ਉਹਦੇ ਹੱਥ ਵਿੱਚ ਇਕ ਨਿੱਕੀ ਜਿਹੀ ਗੰਢੜੀ ਸੀ ।"

(ੳ) ਇਹ ਕਥਾ-ਅੰਸ਼ ਕਿਸ ਕਥਾਕਾਰ ਦੀ ਕਿਸ ਰਚਨਾ ਵਿਚੋਂ ਹੈ ?

(ਅ) ਇਸ ਕਥਨ ਦੇ ਪ੍ਰਸੰਗ ਨੂੰ ਸਪਸ਼ਟ ਕਰੋ ।

(ii) "ਕਈ ਵੇਰਾਂ ਉਹਦਾ ਜੀ ਕਰਦਾ ਕਿ ਵੱਡੇ ਸਾਹਿਬ ਨੂੰ ਜਾ ਕੇ ਆਪ ਕਹਿ ਦੇਵੇ ਕਿ ਚਲ ਰਹੀ ਹੜਤਾਲ ਵਿਚ ਉਹਦਾ ਕੋਈ ਹੱਥ ਨਹੀਂ । ਉਹਦਾ ਖਾਨਦਾਨ ਤਾਂ ਪਹਿਲੀ ਘੜੀ ਤੋਂ ਹੀ ਸਮੇਂ ਦੀ ਸਰਕਾਰ ਦਾ ਹਾਮੀ ਰਿਹਾ ਹੈ ।"

(ੳ) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿੱਚੋਂ ਹੈ ?

(ਅ) ਕਹਾਣੀ ਵਿਚਲੇ ਇਸ ਕਥਨ ਨਾਲ ਕਿਸ ਪਾਤਰ ਦੇ ਚਰਿੱਤਰ ਦਾ ਕਿਹੜਾ ਪੱਖ ਉਜਾਗਰ ਹੁੰਦਾ ਹੈ ?

www.examrace.com

15. 'ਨੰਦੂ' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ – ਚਰਚਾ ਕਰੋ । *5*

ਜਾਂ

'ਮੰਗੋ' ਕਹਾਣੀ ਵਿਚ ਪੇਸ਼ 'ਮੰਗੋ' ਦੇ ਪਾਤਰ ਬਾਰੇ ਆਪਣੇ ਵਿਚਾਰ ਪੇਸ਼ ਕਰੋ ।

16. ਗੁਰਮਤਿ ਕਾਵਿ ਦੀ ਵਿਸ਼ੇਸ਼ਤਾ ਉਜਾਗਰ ਕਰੋ । *10*

ਜਾਂ

ਪੰਜਾਬੀ ਨਿੱਕੀ ਕਹਾਣੀ ਦੇ ਵਿਕਾਸ ਬਾਰੇ ਆਪਣਾ ਮੱਤ ਪੇਸ਼ ਕਰੋ ।

www.examrace.com